# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssapunjab123@gmail.com

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।

ਮੀਮੋ ਨੰ:9/5-2010/SSA/FTB/ 78756
ਮਿਤੀ, ਚੰਡੀਗੜ੍ਹ: 29-12-10

**ਵਿਸ਼ਾ: ਸਾਲ 2011-12 ਵਾਸਤੇ ਸਕੂਲੀ ਵਿਦਿਆਰਥੀਆਂ ਲਈ ਕਿਤਾਬਾਂ ਦੀ ਸਪਲਾਈ ਸਬੰਧੀ 13-12-2010 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ।**

1.0 ਡਾਇਰੈਕਟਰ ਭਲਾਈ ਵਿਭਾਗ, ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਡਿਪਟੀ ਐਸ.ਪੀ.ਡੀ (ਐਸ) ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ, ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕਸਟ-ਬੁੱਕਸ), ਜ਼ਿਲ੍ਹਾ ਭਲਾਈ ਵਿਭਾਗ ਅਤੇ ਬੋਰਡ ਦੇ ਖੇਤਰੀ ਡਿਪੂ ਮੈਨੇਜ਼ਰ ਦੀ ਮਿਤੀ 13-12-2010 ਨੂੰ ਸਾਲ 2011-12 ਲਈ ਕਿਤਾਬਾਂ ਦੀ ਸਪਲਾਈ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਮੀਟਿੰਗ ਕੀਤੀ ਗਈ ਸੀ।

2.0 ਮੀਟਿੰਗ ਵਿੱਚ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ 31 ਜਨਵਰੀ 2011 ਤੱਕ ਲੋੜੀਦੀਆਂ ਕਿਤਾਬਾਂ ਬਲਾਕ ਪੱਧਰ 'ਤੇ ਪੁਜਦੀਆਂ ਕਰਨ ਦਾ ਅਹਿਦ ਕੀਤਾ ਹੈ ਅਤੇ ਇਹ ਕਾਰਵਾਈ ਪਹਿਲੀ ਜਨਵਰੀ 2011 ਤੋਂ ਸ਼ੁਰੂ ਕੀਤੀ ਜਾਵੇਗੀ।ਕਿਤਾਬਾਂ ਦੀ ਸਪਲਾਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਬਲਾਕ ਪੱਧਰ ਤੱਕ ਅਤੇ ਉਸ ਤੋਂ ਅੱਗੇ ਬਲਾਕ ਦਫਤਰ ਵੱਲੋਂ ਸਕੂਲ ਪੱਧਰ ਤੱਕ ਕੀਤੀ ਜਾਵੇਗੀ। ਬਲਾਕ ਤੋਂ ਸਕੂਲ ਪੱਧਰ ਤੱਕ ਕਿਤਾਬਾਂ ਦੀ ਢੋ-ਢੋਆਈ 'ਤੇ ਆਉਣ ਵਾਲਾ ਖਰਚਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੇਸ਼ ਕੀਤੇ ਬਿਲਾਂ ਵਿੱਚੋਂ ਕੱਟਿਆ ਜਾਵੇਗਾ ਅਤੇ ਇਹ ਵੱਧ ਤੋ ਵੱਧ ਦੋ ਵਾਰ ਕਿਤਾਬਾਂ ਭੇਜਣ ਲਈ ਹੋਵੇਗਾ ਬਸ਼ਰਤੇ ਬੋਰਡ ਵੱਲੋਂ ਕਿਤਾਬਾਂ 31-01-2011 ਤੱਕ ਸਾਰੇ ਬਲਾਕਾਂ ਵਿੱਚ ਪੂਰੀ ਮਾਤਰਾ ਪੁਜਦੀਆਂ ਕਰ ਦਿੱਤੀਆਂ ਜਾਣ।

3.0 ਕਿਤਾਬਾਂ ਦੀ ਸਪਲਾਈ ਦੇ ਸਮੇ ਬਲਾਕ ਪੱਧਰ 'ਤੇ ਦੋ ਰਜਿਸਟਰ ਲਗਾਏ ਜਾਣਗੇ ਜਿਨ੍ਹਾਂ ਵਿੱਚ ਐਸ.ਸੀ ਅਤੇ ਨਾਨ-ਐਸ.ਸੀ ਵਿਦਿਆਰਥੀਆਂ ਲਈ ਲੋੜੀਂਦੀਆਂ ਪੁਸਤਕਾਂ ਪ੍ਰਾਪਤ ਕਰਨ ਦੀ ਬਕਾਇਦਾ ਸਟਾਕ ਐਂਟਰੀ ਕੀਤੀ ਜਾਵੇਗੀ।ਇਨ੍ਹਾਂ ਐਂਟਰੀਜ਼ ਨੂੰ ਸਬੰਧਤ ਬੀ.ਪੀ.ਈ.ਓਜ਼, ਭਲਾਈ ਵਿਭਾਗ ਦੇ ਨੁਮਾਇੰਦੇ ਅਤੇ ਬੋਰਡ ਦੇ ਸਬੰਧਤ ਖੇਤਰੀ ਦਫਤਰ ਦੇ ਕਿਸੇ ਨੁਮਾਇੰਦੇ ਵੱਲੋਂ ਤਸਦੀਕ ਕੀਤਾ ਜਾਵੇਗਾ।

4.0 ਹਰ ਬਲਾਕ ਤੇ ਸਪਲਾਈ ਕੀਤੀਆਂ ਜਾਣ ਵਾਲੀਆਂ ਪੁਸਤਕਾਂ ਦੇ ਮਿਤੀ ਵਾਈਜ਼ ਬਿਲ, ਜੋ ਕਿ ਐਸ.ਸੀ ਅਤੇ ਨਾਨ-ਐਸ.ਸੀ ਬੱਚਿਆਂ ਲਈ ਵਖਰੇ-ਵਖਰੇ ਹੋਣਗੇ, ਮੈਨੇਜਰ ਖੇਤਰੀ ਦਫਤਰ ਵੱਲੋਂ ਕ੍ਰਮਵਾਰ ਜ਼ਿਲ੍ਹਾ ਸਿੱਖਿਆ ਅਫਸਰ (ਨਾਨ-ਐਸ.ਸੀ ਵਿਦਿਆਰਥੀਆਂ ਲਈ) ਅਤੇ ਜ਼ਿਲ੍ਹਾ ਭਲਾਈ ਅਫਸਰ (ਐਸ.ਸੀ ਵਿਦਿਆਰਥੀਆਂ ਲਈ) ਦੇ ਨਾਮ 'ਤੇ ਜਾਰੀ ਕੀਤੇ ਜਾਣਗੇ।

5.0 ਇਹ ਸਾਰੀਆਂ ਕਿਤਾਬਾਂ ਬਲਾਕ ਪੱਧਰ ਤੋਂ ਕਲਸਟਰ ਪੱਧਰ ਅਤੇ ਕਲਸਟਰ ਪੱਧਰ ਤੋਂ ਸਕੂਲਾਂ ਤੱਕ 28 ਫਰਵਰੀ, 2011 ਤੱਕ ਹਰ ਹਾਲਤ ਵਿੱਚ ਪੁੱਜਦੀਆਂ ਕੀਤੀਆਂ ਜਾਣਗੀਆਂ।

6.0 ਸਕੂਲ ਪੱਧਰ ਤੱਕ ਕਿਤਾਬਾਂ ਦੀ ਵੰਡ ਦੇ ਕਾਮ-ਕਾਜ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਨ ਹਿੱਤ ਜ਼ਿਲ੍ਹਾ ਟੈਕਸਟ-ਬੁਕਸ ਕੋਆਰਡੀਨੇਟਰਜ਼ ਨੂੰ ਹੇਠ ਅਨੁਸਾਰ ਸੁਵਿਧਾ ਦਿੱਤੀ ਜਾਵੇਗੀ:

(i) ਤਿੰਨ ਮਹੀਨੇ ਭਾਵ ਫਰਵਰੀ, ਮਾਰਚ ਅਤੇ ਅਪ੍ਰੈਲ 2011 ਲਈ ਗੱਡੀ ਰਾਹੀਂ ਸਫ਼ਰ ਦੀ ਸਹੂਲਤ।

(ii) ਤਿੰਨ ਮਹੀਨੇ ਭਾਵ ਫਰਵਰੀ, ਮਾਰਚ ਅਤੇ ਅਪ੍ਰੈਲ 2011 ਲਈ ਟੈਲੀਫੋਨ ਭੱਤਾ @ 500/- ਰੁਪਏ ਪ੍ਰਤੀ ਮਹੀਨਾ।

7.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋ ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕ. ਬੁਕਸ) ਦੀ ਮੱਦਦ ਲਈ ਆਰਜੀ ਤੌਰ 'ਤੇ ਵਿਭਾਗ ਵਿੱਚੋਂ ਹੀ ਇਕ ਸਹਾਇਕ (Assistant Co-ordinator) ਨਿਯੁਕਤ ਕੀਤਾ ਜਾਵੇਗਾ।

8.0 ਸਮੂਹ ਜ਼ਿਲ੍ਹਾ ਅਫਸਰਾਂ ਵੱਲੋ ਕਿਤਾਬਾਂ ਨੂੰ ਬਲਾਕ ਪੱਧਰ 'ਤੇ ਸੁਚਾਰੂ ਰੂਪ ਵਿੱਚ ਰੱਖਣ ਲਈ ਕਮਰੇ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

9.0 ਟੈਕਸਟ ਅਤੇ ਵਰਕ-ਬੁਕਸ ਦੀ ਸਪਲਾਈ ਹਿੱਤ ਪਹਿਲੀ ਤੋ ਅੱਠਵੀਂ ਜਮਾਤ ਤੱਕ ਦੀ ਜ਼ਿਲ੍ਹਾ ਅਤੇ ਬਲਾਕ ਵਾਈਜ਼ ਬੱਚਿਆਂ ਦੀ ਗਿਣਤੀ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕ੍ਰਮਵਾਰ ਮਿਤੀ 2-7-2010 ਅਤੇ 25-12-2010 ਨੂੰ ਈ-ਮੇਲ ਕੀਤੀ ਜਾ ਚੁੱਕੀ ਹੈ। ਇਸ ਦੀ ਕਾਪੀ ਆਪ ਸਭ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾ ਰਹੀ ਹੈ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ**

ਪਿਠ ਅੰਕਣ ਨੰ:-ਉਕਤ- ਮਿਤੀ,ਚੰਡੀਗੜ੍ਹ:

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.0 ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

2.0 ਡਾਇਰੈਕਟਰ, ਭਲਾਈ ਵਿਭਾਗ,ਪੰਜਾਬ ਸਰਕਾਰ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ**